13

# ''ਹੁਣੇ ਉਹ ਸਮਾਂ ਹੈ''

ਬਚਾਏ ਜਾਣ ਦਾ ਅਧਿਐਨ ਸਿਰਫ਼ ਦਿਮਾਗ਼ੀ ਕਸਰਤ ਹੀ ਨਹੀਂ ਹੋਣਾ ਚਾਹੀਦਾ। ਜੇ ਇਸ ਨਾਲ ਆਦਮੀ ਬਚਾਏ ਜਾਣ ਲਈ ਪ੍ਰਭੂ ਦੀ ਪੇਸ਼ਕਸ਼ ਕਬੂਲ ਨਹੀਂ ਕਰਦਾ ਤਾਂ ਇਸ ਨੇ ਆਪਣਾ ਮਕਸਦ ਪੂਰਾ ਨਹੀਂ ਕੀਤਾ ਹੈ। ਜੇ ਇਹ ਉਹਨੂੰ ਕਿਸੇ ਹੋਰ ਤਰ੍ਹਾਂ ਨਾਲ ਬਦਲਦਾ ਨਹੀਂ, ਤਾਂ ਅਧਿਐਨ ਵਿਚ ਲਗਾਇਆ ਉਹਦਾ ਸਮਾਂ ਫ਼ਜ਼ੂਲ ਗਿਆ ਹੈ।

## ਆਪਣੀ ਪਰਖ ਕਰਨ ਦਾ ਸਮਾਂ

ਹੁਣ ਆਪਣੇ ਆਪ ਨੂੰ ਪਰਖਣ ਦਾ ਸਮਾਂ ਹੈ। ਸਮਾਂ ਹੈ ਕਿ ਅਸੀਂ ਆਪਣੀ ਰੂਹ ਦੀਆਂ ਲੋੜਾਂ ਬਾਰੇ ਬੜੀ ਹੀ ਇਮਾਨਦਾਰੀ ਨਾਲ ਕੰਮ ਕਰੀਏ। ਮੈਂ ਇਹ ਨਹੀਂ ਦੱਸ ਸਕਦਾ ਕਿ ਤੁਹਾਡੀਆਂ ਰੂਹਾਨੀ ਲੋੜਾਂ ਕੀ ਹਨ, ਕਿਉਂਕਿ ਇਹ ਤਾਂ ਤੁਹਾਨੂੰ ਹੀ ਪਤਾ ਹੋ ਸਕਦਾ ਹੈ। ਤੁਹਾਨੂੰ ਇਹ ਫ਼ੈਸਲਾ ਪ੍ਰਮੇਸ਼ਵਰ ਦੇ ਵਚਨ ਦੀ ਸਿੱਖਿਆ ਦੇ ਅਧਾਰ ਤੇ ਕਰਨਾ ਚਾਹੀਦਾ ਹੈ।

ਪਹਿਲਾਂ, ਆਪਣੇ ਆਪ ਤੋਂ ਪੁੱਛੋ ਕਿ ਤੁਸੀਂ ਸੱਚਮੁੱਚ ਪ੍ਰਮੇਸ਼ਵਰ, ਯਿਸੂ ਅਤੇ ਬਾਈਬਲ ਵਿਚ ਵਿਸ਼ਵਾਸ ਰੱਖਦੇ ਹੋ ਜਾਂ ਨਹੀਂ। ਜੇ ਤੁਹਾਡੇ ਮਨ ਵਿਚ ਕਈ ਸਵਾਲ ਹਨ, ਤਾਂ ਉਹਨੂੰ ਦੱਸੋ ਜਿਸ ਨੇ ਤੁਹਾਨੂੰ ਇਹ ਕਿਤਾਬ ਦਿੱਤੀ ਸੀ। ਤੁਸੀਂ ਰਲ ਕੇ ਅਧਿਐਨ ਕਰ ਸਕਦੇ ਹੋ। ਮੈਂ ਤੁਹਾਨੂੰ ਬਾਈਬਲ ਪੜ੍ਹਨਾ ਜਾਰੀ ਰੱਖਣ ਦੀ ਸਲਾਹ ਦਿੰਦਾਂ ਹਾਂ, ਕਿਉਂਕਿ ''ਪ੍ਰਤੀਤ ਸੁਣਨ ਨਾਲ ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ'' (ਰੋਮੀਆਂ 10:17; ਯੂਹੰਨਾ 20:30, 31 ਵੀ ਵੇਖੋ)। ਜੇ ਤੁਸੀਂ ਯਿਸੂ ਵਿਚ ਵਿਸ਼ਵਾਸ *ਕਰਦੇ* ਹੋ ਤਾਂ ਕੀ ਤੁਸੀਂ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ ਲਈ ਤਿਆਰ ਹੋ?

ਅਤੇ, ਤੁਸੀਂ ਆਪਣੇ ਗੁਆਚੇ ਹੋਣ ਅਤੇ ਪਾਪ ਵਿਚ ਡੁੱਬੇ ਹੋਣ ਦੀ ਸਥਿਤੀ ਤੋਂ ਵਾਕਫ਼ ਹੋ? ਕੀ ਤੁਸੀਂ ਪ੍ਰਮੇਸ਼ਵਰ ਦੀ ਮਦਦ ਨਾਲ ਇਕ ਉੱਤਮ ਜੀਵਨ ਜੀਉਣ ਲਈ ਸਮਰਪਤ ਹੋਣ ਲਈ ਤਿਆਰ ਹੋ?

ਜੇ ਇੱਥੋਂ ਤਕ ਤੁਹਾਡਾ ਜਵਾਬ ''ਹਾਂ'' ਵਿਚ ਹੈ ਤਾਂ ਆਪਣੇ ਆਪ ਨੂੰ ਪੁੱਛੋ ਕਿ ਪ੍ਰਮੇਸ਼ਵਰ ਦੇ ਵਚਨ ਦੇ ਅਨੁਸਾਰ ਤੁਹਾਡਾ ਬਪਤਿਸਮਾ ਹੋ ਗਿਆ ਹੈ। ਸਵਾਲ ਇਹ ਨਹੀਂ ਹੈ ਕਿ ਤੁਸੀਂ ਉਸ ਰੀਤ ਜਾਂ ਰਸਮ ਨੂੰ ਪੂਰਾ ਕੀਤਾ ਹੈ ਜਾਂ ਨਹੀਂ, ਜਿਸ ਨੂੰ ''ਬਪਤਿਸਮਾ'' ਕਿਹਾ ਜਾਂਦਾ ਹੈ, ਸਗੋਂ ਇਹ ਹੈ ਕਿ ਕੀ ਤੁਹਾਡਾ ਬਪਤਿਸਮਾ ਉਵੇਂ ਹੀ ਹੋਇਆ ਹੈ ਜਿਵੇਂ ਨਵਾਂ ਨੇਮ ਦੱਸਦਾ ਹੈ ਜਾਂ ਨਹੀਂ। ਇਸ ਕਿਤਾਬ ਦੇ 11 ਸਫ਼ੇ ਤੇ ਭੂਮਿਕਾ ਵਿੱਚੋਂ, ਉਹ ਪ੍ਰਸ਼ਨਾਵਲੀ ਵੇਖੋ ਜਿਹੜੀ ਤੁਸਾਂ ਭਰੀ ਸੀ। ਜੋ ਕੁਝ ਬਪਤਿਸਮੇ ਬਾਰੇ ਤੁਸੀਂ ਲਿਖਿਆ ਸੀ, ਉਹਦੀ ਤੁਲਨਾ ਉਸ ਨਾਲ ਕਰੋ ਜੋ ਬਾਈਬਲ ਦੱਸਦੀ ਹੈ। (ਪਾਠ 4 ਅਤੇ 5 ਤੇ ਫੇਰ ਵਿਚਾਰ ਕਰੋ।) ਜੇ ਤੁਹਾਡਾ ਬਪਤਿਸਮਾ ਉਵੇਂ ਨਹੀਂ ਹੋਇਆ ਜਿਵੇਂ ਬਾਈਬਲ ਵਿਚ ਦੱਸਿਆ ਗਿਆ ਹੈ, ਤਾਂ ਯਕੀਨਨ ਹੀ ਤੁਹਾਨੂੰ ਵਚਨ ਦੇ

ਅਨੁਸਾਰ ਫੇਰ ਤੋਂ ਬਪਤਿਸਮਾ ਲੈਣ ਦੀ ਲੋੜ ਹੈ। ਜਿਹਨੇ ਤੁਹਾਨੂੰ ਇਹ ਕਿਤਾਬ ਦਿੱਤੀ ਸੀ ਉਸ ਨਾਲ ਗੱਲ ਕਰੋ। ਕਿਉਂਕਿ ਉਹ ਇਹਦਾ ਇੰਤਜ਼ਾਮ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

ਜੇ ਤੁਹਾਡਾ ਬਪਤਿਸਮਾ ਵਚਨ ਦੇ ਅਨੁਸਾਰ ਸੀ ਤਾਂ ਫਿਰ ਤੁਹਾਨੂੰ ਚਾਹੀਦਾ ਹੈ ਕਿ ਉਸ ਨੂੰ ਪੁੱਛੋ ਕਿ ਬੰਦਗੀ ਕਿਵੇਂ ਕੀਤੀ ਜਾਵੇ। ਕੀ ਤੁਸੀਂ ਅਜਿਹੀ ਕਲੀਸੀਆ ਵਿਚ ਬੰਦਗੀ ਅਤੇ ਸੇਵਾ ਕਰ ਰਹੇ ਹੋ ਜੋ ਨਵੇਂ ਨੇਮ ਵਿਚ ਦੱਸੀ ਕਲੀਸੀਆ ਵਰਗੀ ਨਹੀਂ ਹੈ?

ਸ਼ਾਇਦ ਤੁਸੀਂ ਕਿਸੇ ਧਾਰਮਿਕ ਸੰਗਠਨ ਨਾਲ ਨਹੀਂ ਜੁੜੇ ਹੋ। ਜੇ ਮੇਰੀ ਇਹ ਗੱਲ ਸਹੀ ਹੈ, ਤਾਂ ਮੈਂ ਫੇਰ ਕਹਾਂਗਾ ਕਿ ਤੁਸੀਂ ਆਪਣੇ ਨੇੜੇ ਮਸੀਹ ਦੀ ਕਲੀਸੀਆ ਨੂੰ ਲੱਭਣ ਦੀ ਕੋਸ਼ਿਸ਼ ਕਰੋ। ਮਸੀਹ ਦੀਆਂ ਕਲੀਸੀਆਵਾਂ ਤੁਹਾਨੂੰ ''ਉਨ੍ਹਾਂ ਨੂੰ ਪਰਖਣ'' ਲਈ ਉਤਸ਼ਾਹਿਤ ਕਰਦੀਆਂ ਹਨ (ਵੇਖੋ 1 ਯੂਹੰਨਾ 4:1)। ਹੋ ਸਕਦਾ ਹੈ ਕਿ ਜਿਸ ਨੇ ਤੁਹਾਨੂੰ ਇਹ ਕਿਤਾਬ ਦਿੱਤੀ ਸੀ ਉਹ ਮਸੀਹ ਦੀ ਕਲੀਸੀਆ ਦਾ ਮੈਂਬਰ ਹੀ ਹੋਵੇ। ਜੇ ਉਹ ਮਸੀਹ ਦੀ ਕਲੀਸੀਆ ਦਾ ਮੈਂਬਰ ਹੈ ਤਾਂ ਉਸ ਨੂੰ ਤੁਹਾਡੇ ਸਵਾਲਾਂ ਦਾ ਜਵਾਬ ਲੱਭ ਕੇ ਖੁਸ਼ੀ ਹੋਵੇਗੀ।

ਦੂਜੇ ਪਾਸੇ, ਸ਼ਾਇਦ ਤੁਸੀਂ ਕਿਸੇ ਧਾਰਮਿਕ ਸੰਗਠਨ ਨਾਲ ਜੁੜੇ ਹੋਵੋ। ਜੇ ਜੁੜੇ ਹੋ ਤਾਂ ਤੁਹਾਨੂੰ ਕਲੀਸੀਆ ਬਾਰੇ ਨਵੇਂ ਨੇਮ ਦੀ ਸਿੱਖਿਆ ਦੀ ਰੌਸ਼ਨੀ ਵਿਚ ਇਸ ਦੀ ਪਰਖ ਕਰਨੀ ਚਾਹੀਦੀ ਹੈ। (6 ਤੋਂ 11 ਪਾਠਾਂ ਤੇ ਫੇਰ ਵਿਚਾਰ ਕਰੋ।) ਪਾਠ 11 ਵਿਚ ਦਿੱਤੀ ਰੂਪਰੇਖਾ ਵਾਲਾ ਢੰਗ ਹੀ ਅਪਨਾਓ। ਜੇ ਉਹ ਕਲੀਸੀਆ ਵਚਨ ਵਿਚ ਦਿੱਤੇ ਨਮੂਨੇ ਮੁਤਾਬਕ ਨਹੀਂ ਹੈ, ਤਾਂ ਜ਼ਰੂਰੀ ਹੈ ਕਿ ਤੁਸੀਂ ਰੂਹਾਨੀ ਘਰ ਵਾਸਤੇ ਕਿਸੇ ਹੋਰ ਥਾਂ ਭਾਲ ਕਰੋ।

## ਹੁਕਮ ਮੰਨਣ ਦਾ ਸਮਾਂ

ਇਹ ਸਮਝ ਆ ਜਾਣ ਤੇ ਕਿ ਤੁਹਾਨੂੰ ਕੀ ਕਰਨ ਦੀ ਲੋੜ ਹੈ, ਤੁਹਾਨੂੰ ਦੇਰ ਨਹੀਂ ਲਾਉਣੀ ਚਾਹੀਦੀ। ਤੁਹਾਨੂੰ ਅਜੇ ਹੋਰ ਵੀ ਕੰਮ ਕਰਨਾ ਪਵੇਗਾ। ਅਧਿਐਨ ਦੀ ਸਮਾਪਤੀ ਕਰਦਿਆਂ ਮੈਂ ਤੁਹਾਨੂੰ ਬਾਈਬਲ ਦੀਆਂ ਇਨ੍ਹਾਂ ਤਿੰਨ ਆਇਤਾਂ ਤੇ ਵਿਚਾਰ ਕਰਨ ਲਈ ਕਹਾਂਗਾ:

ਪਹਿਲੀ ਆਇਤ ਯਾਕੂਬ 4:17 ਹੈ। ਯਾਕੂਬ ਕਹਿੰਦਾ ਹੈ, ''ਸੋ ਜੋ ਕੋਈ ਭਲਾ ਕਰਨਾ ਜਾਣਦਾ ਹੈ ਅਤੇ ਨਹੀਂ ਕਰਦਾ, ਇਹ ਉਹਦੇ ਲਈ ਪਾਪ ਹੈ।'' ਕੀ ਤੁਸੀਂ ''ਭਲਾ ਕਰਨਾ'' ਜਾਣਦੇ ਹੋ? ਕੀ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਬਪਤਿਸਮਾ ਲੈਣ ਦੀ ਲੋੜ ਹੈ? ਜੇ ਤੁਸੀਂ ਜਾਣਦੇ ਹੋ ਪਰ ਨਹੀਂ ਲੈਂਦੇ, ਤਾਂ ਇਹ ਪਾਪ ਹੈ। ਕੀ ਤੁਹਾਨੂੰ ਪ੍ਰਭੂ ਵਿਚ ਵਾਪਸ ਆਉਣ ਦੀ ਲੋੜ ਹੈ? ਜੇ ਤੁਸੀਂ ਨਹੀਂ ਆਉਂਦੇ, ਤਾਂ ਇਹ ਪਾਪ ਹੈ। ਕੀ ਤੁਸੀਂ ਜਾਣਦੇ ਹੋ ਕਿ ਧਾਰਮਿਕ ਤੌਰ ਤੇ ਤੁਹਾਨੂੰ ਬਦਲਾਅ ਦੀ ਲੋੜ ਹੈ? ਜੇ ਜਾਣਦੇ ਹੋ ਤਾਂ ਤੁਹਾਨੂੰ ਉਹ ਬਦਲਾਅ ਕਰਨਾ ਚਾਹੀਦਾ ਹੈ, ਜੇ ਤੁਸੀਂ ਉਸ ਨੂੰ ਕਰਨ ਤੋਂ ਇਨਕਾਰ ਕਰਦੇ ਹੋ ਤਾਂ ਇਹ ਪਾਪ ਹੋਵੇਗਾ।

ਦੂਜੀ ਆਇਤ ਯੂਹੰਨਾ 14:15 ਹੈ। ਯਿਸੂ ਨੇ ਕਿਹਾ, ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਣਾ ਕਰੋ।'' ਜੇ ਤੁਸੀਂ ਯਿਸੂ ਨਾਲ ਪਿਆਰ ਕਰਦੇ ਹੋ ਅਤੇ ਤੁਹਾਨੂੰ ਬਪਤਿਸਮਾ ਲੈਣ ਦੀ ਲੋੜ ਹੈ ਤਾਂ ਤੁਸੀਂ ਬਪਤਿਸਮਾ ਲਵੋਗੇ। ਜੇ ਤੁਸੀਂ ਯਿਸੂ ਨਾਲ ਪਿਆਰ ਕਰਦੇ ਹੋ ਅਤੇ ਤੁਹਾਨੂੰ ਆਪਣੇ ਜੀਵਨ ਵਿਚ ਸੁਧਾਰ ਦੀ ਲੋੜ ਹੈ ਤਾਂ ਤੁਸੀਂ ਉਹ ਸੁਧਾਰ ਕਰੋਗੇ। ਜੇ ਤੁਸੀਂ ਯਿਸੂ ਨਾਲ ਪਿਆਰ ਕਰਦੇ ਹੋ ਅਤੇ ਧਾਰਮਿਕ ਤੌਰ ਤੇ ਤੁਹਾਨੂੰ ਬਦਲਾਅ ਦੀ ਲੋੜ ਹੈ ਤਾਂ ਤੁਸੀਂ ਉਹ ਬਦਲਾਅ ਜ਼ਰੂਰ ਕਰੋਗੇ।

ਤੀਜੀ ਆਇਤ 2 ਕੁਰਿੰਥੀਆਂ 6:2 ਹੈ। ਪੌਲੁਸ ਨੇ ਲਿਖਿਆ ਹੈ, ''ਕਿਉਂ ਜੋ ਉਹ ਆਖਦਾ ਹੈ ਭਈ ਮੈਂ ਮਨ ਭਾਉਂਦੇ ਸਮੇਂ ਵਿਚ ਤੇਰੀ ਸੁਣੀ ਅਤੇ ਮੁਕਤੀ ਦੇ ਦਿਨ ਤੇਰੀ ਸਹਾਇਤਾ ਕੀਤੀ । ਵੇਖੋ, ਹੁਣ ਹੀ ਮਨ ਭਾਉਂਦਾ ਸਮਾਂ ਹੈ, ਵੇਖੋ ਹੁਣ ਹੀ ਮੁਕਤੀ ਦਾ ਦਿਨ ਹੈ।'' ਇਹ ਸਮਝ ਆ ਜਾਣ ਤੇ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ, ਫਿਰ ਵੀ ਜੇ ਤੁਸੀਂ ਉਹ ਨਹੀਂ ਕਰਦੇ ਤਾਂ ਇਨ੍ਹਾਂ ਵਿੱਚੋਂ ਤਿੰਨ ਗੱਲਾਂ ਹੋ ਸਕਦੀਆਂ ਹਨ:

- ਹੋ ਸਕਦਾ ਹੈ ਕਿ ਤੁਹਾਡੇ ਹੁਕਮ ਮੰਨਣ ਤੋਂ ਪਹਿਲਾਂ ਪ੍ਰਭੂ ਵਾਪਸ ਆ ਜਾਵੇ। ਬਾਈਬਲ ਤੁਹਾਨੂੰ ਉਸ ਦੇ ਵਾਪਸ ਆਉਣ ਲਈ ਤਿਆਰ ਰਹਿਣ ਲਈ ਕਹਿੰਦੀ ਹੈ, ''ਇਸ ਲਈ ਤੁਸੀਂ ਵੀ ਤਿਆਰ ਰਹੋ ਕਿਉਂਕਿ ਜਿਸ ਘੜੀ ਤੁਹਾਨੂੰ ਚਿੱਤ ਚੇਤਾ ਨਾ ਹੋਵੇ ਓਸੇ ਘੜੀ ਮਨੁੱਖ ਦਾ ਪੁੱਤਰ ਆ ਜਾਵੇਗਾ'' (ਮੱਤੀ 24:44)। ਜੇ ਖ਼ੁਦਾ ਚਾਹੇ ਤਾਂ ਉਹ ਅੱਜ ਹੀ ਅਤੇ ਹੁਣੇ ਆ ਸਕਦਾ ਹੈ।
- ਹੋ ਸਕਦਾ ਹੈ ਕਿ ਹੁਕਮ ਮੰਨਣ ਤੋਂ ਪਹਿਲਾਂ ਤੁਹਾਡੀ ਮੌਤ ਹੋ ਜਾਵੇ। ਕਿਸੇ ਦੀ ਵੀ ਜ਼ਿੰਦਗੀ ਦਾ ਭਰੋਸਾ ਨਹੀਂ ਹੈ। ''... ਮਨੁੱਖਾਂ ਲਈ ਇਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ'' (ਇਬਰਾਨੀਆਂ 9:27)।
- ਹੋ ਸਕਦਾ ਹੈ ਕਿ ਤੁਹਾਡਾ ਮਨ ਸਖ਼ਤ ਹੋ ਜਾਵੇ। ਜਿਵੇਂ-ਜਿਵੇਂ ਕੋਈ ਯਿਸੂ ਦੇ ਸੱਦੇ ਨੂੰ ਠੁਕਰਾਉਂਦਾ ਹੈ, ਉਹਦਾ ਮਨ ਵੀ ਸਖ਼ਤ ਹੁੰਦਾ ਜਾਂਦਾ ਹੈ। ਮਸੀਹ ਦਾ ਹੁਕਮ ਮੰਨਣਾ ਔਖਾ ਅਤੇ ਉਸ ਨੂੰ ਠੁਕਰਾਉਣਾ ਸੌਖਾ ਹੋ ਜਾਂਦਾ ਹੈ। ਕੋਈ ਮਨੁੱਖ ਇੱਥੋਂ ਤਕ ਸਖ਼ਤ ਹੋ ਸਕਦਾ ਹੈ ਕਿ ਉਹਦੇ ਲਈ ਤੌਬਾ ਕਰਨਾ ਮੁਮਕਨ ਹੀ ਨਾ ਰਹੇ (ਇਬਰਾਨੀਆਂ 6:4-6)। ਇਬਰਾਨੀਆਂ 4:7 ਵਿਚ ਕਿਹਾ ਗਿਆ ਹੈ, ''ਅੱਜ ਜੇ ਤੁਸੀਂ ਉਹਦੀ ਅਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ।''

## ਸਾਰ

ਮੈਨੂੰ ਉਮੀਦ ਹੈ ਕਿ ਸਾਡੇ ਨਾਲ ਮਿਲ ਕੇ ਅਧਿਐਨ ਕਰਨ ਨਾਲ ਤੁਹਾਨੂੰ ਇਹ ਸਮਝਣ ਵਿਚ ਮਦਦ ਮਿਲੀ ਹੋਵੇਗੀ ਕਿ ਤੁਹਾਨੂੰ ''ਪ੍ਰਮੇਸ਼ਵਰ ਦੇ ਨੇੜੇ'' ਆਉਣ ਲਈ ਕੀ ਕਰਨ ਦੀ ਲੋੜ ਹੈ (ਇਬਰਾਨੀਆਂ 7:25; ਯਾਕੂਬ 4:8)। ਜੇ ਤੁਹਾਨੂੰ ਇਸ ਨਾਲ ਮਦਦ ਮਿਲੀ ਹੈ, ਤਾਂ ਮੇਰੀ ਦੁਆ ਹੈ ਕਿ ਜੋ ਕੁਝ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਕਰਨਾ ਚਾਹੀਦਾ ਹੈ, ਉਸ ਨੂੰ ਕਰਨ ਵਿਚ ਢਿੱਲ ਨਾ ਕਰੋ। ਜਿਹਨੇ ਤੁਹਾਨੂੰ ਇਹ ਕਿਤਾਬ ਦਿੱਤੀ ਹੈ ਉਹਦੇ ਨਾਲ ਗੱਲ ਕਰੋ; ਉਹ ਅੱਜ ਲਈ ਸ਼ਾਂਤੀ ਅਤੇ ਕੱਲ ਲਈ ਆਸ ਲੱਭਣ ਵਿਚ ਤੁਹਾਡੀ ਮਦਦ ਕਰਨ ਨੂੰ ਤਿਆਰ ਹੈ।

ਜ਼ਿੰਦਗੀ ਦਾ ਤਾਜ ਪਾਉਣ ਦੀ ਮੇਰੀ ਸੱਚੇ ਦਿਲੋਂ ਖ਼ਾਹਸ਼ ਹੈ (ਪ੍ਰਕਾਸ਼ ਦੀ ਪੋਥੀ 2:10)। ਮੈਂ ਸਵਰਗ ਵਿਚ ਜਾਣਾ ਚਾਹੁੰਦਾ ਹਾਂ, ਜਿੱਥੇ ਪ੍ਰਮੇਸ਼ਵਰ ''[ਸਾਡੀਆਂ] ਅੱਖੀਆਂ ਤੋਂ ਹਰੇਕ ਹੰਝੂ ਪੂੰਝੇਗਾ ਅਤੇ ਹੁਣ ਅਗਾਹਾਂ ਨੂੰ ਮੌਤ ਨਾ ਹੋਵੇਗੀ, ਨਾ ਅਗਾਹਾਂ ਨੂੰ ਸੋਗ ਨਾ ਰੋਣਾ ਨਾ ਦੁੱਖ ਹੋਵੇਗਾ। [ਕਿਉਂਕਿ] ਪਹਿਲੀਆਂ ਗੱਲਾਂ ਜਾਂਦੀਆਂ ਰਹੀਆਂ'' (ਪ੍ਰਕਾਸ਼ ਦੀ ਪੋਥੀ 21:4)। ਮੇਰੀ ਦੁਆ ਰਹਿੰਦੀ ਹੈ ਕਿ ਮੇਰੇ ਅਜ਼ੀਜ਼ ਉੱਥੇ ਹੋਣ। ਉਮੀਦ ਹੈ ਕਿ ਤੁਸੀਂ ਵੀ ਮੈਨੂੰ ਉੱਥੇ ਮਿਲੋਗੇ। ਰੱਬ ਤੁਹਾਨੂੰ ਬਰਕਤ ਦੇਵੇ।